55. ,, ਹੇਮ ਵਿਮਲ ਸੂਰੀ
56. ,, ਆਨੰਦ ਵਿਮਲ ਸੂਰੀ
57. ,, ਵਿਜੈ ਦਾਨ ਸੂਰੀ
58. ,, ਹੀਰਾ ਵਿਜੈ ਸੂਰੀ
59. ,, ਸੈਨ ਸੂਰੀ
60. ,, ਵਿਜੈ ਦੇਵ ਸੂਰੀ
61. ,, ਵਿਜੈ ਸਿੰਘ ਸੂਰੀ
62. ,, ਸੱਤ ਵਿਜੈ ਗਣੀ
63. ,, ਕਪੂਰ ਵਿਜੈ ਗਣੀ
64. ,, ਖਿਮਾ ਵਿਜੈ ਗਣੀ
65. ,, ਜਿਨ ਵਿਜੈ ਗਣੀ
66. ,, ਉੱਤਮ ਵਿਜੈ ਗਣੀ
67. ,, ਪਦਮ ਵਿਜੈ ਗਣੀ
68. ,, ਰੂਪ ਵਿਜੈ ਗਣੀ
69. ,, ਕੀਰਤੀ ਵਿਜੈ ਗਣੀ
70. , ਕਸਤੂਰ ਵਿਜੈ ਗਣੀ
71 ,, ਮਣਿ ਵਿਜੈ ਗਣੀ
72. ,, ਬੁਧੀ ਵਿਜੈ (ਬੂਟਾ ਰਾਏ) 6
73. ,, ਵਿਜੈ ਨੰਦ ਸੂਰੀ 7
74: ,, ਵਿਜੈ ਬਲਭ ਸੂਰੀ
75: ,, ਸਮੁਦਰ ਵਿਜੈ ਸੂਰੀ
76: ,, ਵਿਜੇਂਦਰ ਦਿੰਨ ਸੂਰੀ

(1) ਇਨ੍ਹਾਂ ਤੋਂ ਕੋਟਿ ਗੱਛ ਪੈਦਾ ਹੋਇਆ
(2) ਇਨ੍ਹਾਂ ਤੋਂ ਚੰਦਰ ਗੱਛ ਪੈਦਾ ਹੋਇਆ
(3) ਇਨ੍ਹਾਂ ਤੋਂ ਬਨਵਾਸੀ ਗੱਛ ਪੈਦਾ ਹੋਇਆ
(4) ਇਨ੍ਹਾਂ ਤੋਂ ਬੜ ਗੱਛ ਪੈਦਾ ਹੋਇਆ
(5) ਇਨ੍ਹਾਂ ਤੋਂ ਤਪਾ ਗੱਛ ਪੈਦਾ ਹੋਇਆ।

(6-7) ਆਪ ਪਹਿਲਾ ਸਵੇ: ਸਥਾਨਕਵਾਸੀ ਸਾਧੂ ਸਨ।

(ਅਚਾਰਿਆ ਸ੍ਰੀ ਵਿਜੈ ਵਲਭ ਚੁਆਰਾ ਲਿਖੇ ਸ੍ਰੀ ਵਿਜੈ ਨੰਦ ਗੀਵਨ ਚਾਰਿਤਰ ਤੋਂ ਪ੍ਰਾਪਤ)

# ਪੰਜਾਬੀ ਸ਼ਵੇਤਾਂਵਰ ਸਥਾਨਕਵਾਸੀ ਜੈਨ ਪਟਾਵਲੀ

1. ਸ਼੍ਰੀ ਸੁਧਰਮਾ ਸ਼ਵਾਮੀ ਜੀ
2. ,, ਜੰਮੂ ਜਵਾਮੀ ਜੀ
3. ,, ਪ੍ਰਭਵ ਸਵਾਮੀ ਜੀ
4. ,, ਸਵੈਯੰਭ ਜੀ
5. ,, ਯਸ਼ਭਦਰ ਜੀ
6. ,, ਸੰਭੂਤ ਵਿਜੈ ਜੀ
7. ,, ਭੱਦਰ ਵਾਹੂ ਜੀ
8. ,, ਸਥੂਲੀ ਭੱਦਰ
9. ,, ਮਹਾਗਿਰੀ ਜੀ
10. ,, ਬਲ ਸਿੰਘ ਜੀ
11. ,, ਸੁਬਨ ਜੀ
11. ,, ਵੀਰ ਜੀ
13. ,, ਸਠਡੀਲ ਜੀ
14. ,, ਜੀਤਧਰ ਜੀ
1 . ,, ਸਮਦ ਜੀ
16. ,, ਨੰਦਿਲ ਜੀ
17. ,, ਨਾਗਹਸਤੀ ਜੀ
18. ,, ਰੇਵਤ ਜੀ
19. ,, ਸਿੰਘ ਗਣ ਜੀ
20, ,, ਸਥੰਡਲਾਚਾਰਿਆ ਜੀ
21. ,, ਹੇਮੰਤ ਜੀ
22. ,, ਨਾਗਜਿਨ ਜੀ
23. ,, ਗੋਵਿੰਦ ਜੀ
24. ,, ਭੂਤ ਦਿੰਨ ਜੀ
25. ,, ਛੋਹਗਣ ਜੀ
26. ,, ਦੁਸਗਣ ਜੀ
27. ,, ਦੇਵਅਰਧੀ ਗਣੀ ਜੀ
28. ,, ਵੀਰ ਭਦਰ ਜੀ
29. ਸ੍ਰੀ ਸੰਕਰ ਭਦਰ ਜੀ
30. ਸ੍ਰੀ ਯਸ਼ੋਭਦਰ ਜੀ
31. ,, ਵੀਰਸੇਨ ਜੀ
32. ,, ਵੀਰ ਨਾਗ ਸੇਨ ਜੀ
33. ,, ਜਯਸੇਨ ਜੀ
34. ,, ਹਰਿਸ਼ੈਣ ਜੀ
35. ,, ਜੈ ਸੈਣ ਜੀ
36. ,, ਜਗਮਲ ਜੀ
37. ,, ਦੇਵ ਰਿਸ਼ੀ ਜੀ
38. ,, ਭੀਮ ਰਿਸ਼ੀ ਜੀ
39. ,, ਕਰਮਾ ਜੀ
40. ,, ਰਾਜ ਰਿਸ਼ੀ
41. ,, ਦੇਵਸੇਨ ਜੀ
42. ,, ਸ਼ੰਕਰ ਸੈਨ ਜੀ
43. ,, ਲਕਸ਼ਮੀ ਸੈਠ ਜੀ
41. ,, ਰਾਮ ਰਿਸ਼ੀ ਸੀ ਮਹਾਰਾਜ
45. ,, ਪਦਮ ਸੂਰੀ ਜੀ
46. ,, ਹਰੀ ਸੈਨ ਜੀ
47. ,, ਕੁਸ਼ਲ ਦੱਤ ਜੀ
43. ,, ਜੀਵਨ ਰਿਸ਼ੀ
49. ,, ਜੈ ਸੈਣ ਜੀ
50. ,, ਵਿਜੈ ਰਿਸ਼ੀ ਜੀ
51. ,, ਦੇਵ ਰਿਸ਼ੀ ਜੀ
52. ,, ਸੂਰ ਸੈਨ ਜੀ
53. ,, ਮਹਾਸੂਰ ਸੇਨ ਜੀ
54. ,, ਮਹਾਸੇਨ ਜੀ
55. ,, ਜੈ ਰਾਜ ਜੀ
56. ,, ਰਾਜ ਸੇਨ ਜੀ

57. ,, ਮਿਸ਼ਰਸੇਨ
58. ,, ਵਿਜੈ ਸਿੰਘ ਜੀ
59. ,, ਸ਼ਿਵਰਾਜ ਰਿਸ਼ੀ ਜੀ
60. ,, ਲਾਲ ਜੀ
61. ,, ਗਿਆਨ ਰਿਸ਼ੀ ਜੀ
62. ,, ਭਾਣੂ ਲੂਣਾ ਜੀ
63. ,, ਰੂਪ ਜੀ
64. ,, ਜੀਵ ਰਾਜ ਜੀ
65. ,, ਭਾਵ ਸਿੰਘ ਜੀ
66. ,, ਲਘੂਵਰ ਸਿੰਘ ਜੀ
67. ,, ਜਸਵੰਤ ਜੀ
68. ,, ਰੂਪ ਸਿੰਘ
69. ,, ਦਾਮੋਦਰ ਸਿੰਘ
70. ,, ਧਨਰਾਜ ਜੀ
71. ,, ਚਿੰਤਾਮਣੀ ਜੀ
72. ,; ਖੇਮ ਕਰਨ ਜੀ
73. ,, ਧਰਮ ਸਿੰਘ ਜੀ
74. ,, ਨਾਗਰਾਜ ਜੀ
75. ਸ੍ਰੀ ਜਯਰਾਜ ਜੀ ਮਹਾਰਾਜ
76. ਸ੍ਰੀ ਲੰਜੀ ਰਿਸ਼ੀ
77. ਸ੍ਰੀ ਸੋਮ ਜੀ
78. ਸ੍ਰੀ ਹਰੀ ਦਾਸ
79. ਸ੍ਰੀ ਵਿੰਦਰਾਵਨ ਜੀ
80. ਸ੍ਰੀ ਭਵਾਨੀਦਾਸ਼ ਜੀ
81. ਸ੍ਰੀ ਮਲੂਕ ਚੰਦ ਜੀ
82. ਸ੍ਰੀ ਮਹਾਸਿੰਘ ਜੀ
83. ਸ੍ਰੀ ਕੁਸ਼ਾਲ ਚੰਦ ਜੀ
84. ਸ੍ਰੀ ਛੱਜਮੱਲ ਜੀ
85. ਸ੍ਰੀ ਰਾਮਲਾਲ ਜੀ
87. ਸ੍ਰੀ ਅਮਰ ਸਿੰਘ ਜੀ
87. ਸ੍ਰੀ ਰਾਮ ਬਖਸ ਜੀ
88. ਸ੍ਰੀ ਮੋਤੀ ਰਾਮ ਜੀ
89. ਸ੍ਰੀ ਸੋਹਨ ਲਾਲ ਜੀ
90. ਸ੍ਰੀ ਕਾਸੀ ਲਾਲ ਜੀ
91. ਸ੍ਰੀ ਆਤਮਾ ਰਾਮ ਜੀ

ਹਮਾਰੇ ਸਮਾਧਾਨ ਪੰਨਾ 235-36 ਲੇਖਕ ਸ੍ਰੀ ਗਿਆਨ ਮੁਨੀ ਜੀ ਮ:

## ਪੂਜ ਅਮਰ ਸਿੰਘ ਜੀ ਮਹਾਰਾਜ ਦੀ ਵਿਸ਼ਾਲ ਪ੍ਰੰਪਰਾ ਵਿਚੋਂ ਕੁੱਝ ਪ੍ਰਮੁੱਖ ਸ਼ਾਖਾਵਾਂ ਦਾ ਵਰਨਣ ਅਸ਼ੀਂ ਇਸ ਪੱਟਾਵਲੀ ਵਿਚ ਕਰਦੇ ਹਾਂ

- ਅਚਾਰਿਆ ਅਮਰ ਸਿੰਘ ਜੀ
  - ਅਚਾਰਿਆ ਰਾਮ ਬਖਸ਼ ਜੀ (ਆਪਦੇ ਪੰਜ ਚੇਲੇ ਹੋਏ)
    - ਸ਼੍ਰੀ ਨੀਲੋਪਦ ਜੀ
      - ਸ਼੍ਰੀ ਹਰਨਾਮ ਦਾਸ ਜੀ
        - ਸ਼੍ਰੀ ਮਾਇਆ ਰਾਮ ਜੀ
        - ਸ਼੍ਰੀ ਜਵਾਹਰ ਲਾਲ ਜੀ
        - ਸ੍ਰੀ ਸ਼ੰਭੂ ਰਾਮ ਜੀ

## ਸ਼੍ਰੀ ਮਾਇਆ ਰਾਮ ਜੀ ਦੀ ਪ੍ਰੰਪਰਾ

- ਸ਼੍ਰੀ ਨਾਨਕਚੰਦ ਜੀ
  - ਸ਼੍ਰੀ ਕਨੈਹਆ ਲਾਲ ਜੀ
- ਸ਼੍ਰੀ ਦੇਵੀਚੰਦ ਜੀ
- ਸ਼੍ਰੀ ਛੋਟੇਲਾਲ ਜੀ
  - ਸ਼੍ਰੀ ਸੁਖੀ ਰਾਮ ਜੀ
- ਸ਼੍ਰੀ ਵਿਰਧੀਚੰਦ ਜੀ
- ਸ਼੍ਰੀ ਮਨੋਹਰਲਾਲ ਜੀ

## ਸ਼੍ਰੀ ਜਵਾਹਰ ਲਾਲ ਜੀ ਮਹਾਰਾਜ ਦੀ ਪ੍ਰੰਪਰਾ

- ਸ਼੍ਰੀ ਖੁਸ਼ੀ ਰਾਮ ਜੀ
- ਸ਼੍ਰੀ ਗਣੇਸੀ ਰਾਮ ਜੀ

ਅਤੇ

- ਸ਼੍ਰੀ ਬਨਵਾਰੀ ਲਾਲ
  - ਸ਼੍ਰੀ ਜੀਤ ਮਲ
  - ਸ਼੍ਰੀ ਟੇਕ ਚੰਦ
    - ਸ਼੍ਰੀ ਭਾਗਚੰਦ ਜੀ
- ਸ਼੍ਰੀ ਹਿੰਦੂ ਲਾਲ
- ਸ਼੍ਰੀ ਮੁਲਤਾਨ ਚੰਦ
  - ਸ਼੍ਰੀ ਮੇਲਾ ਰਾਮ ਜੀ
- ਸ਼੍ਰੀ ਫਕੀਰ ਚੰਦ
  - ਸ਼੍ਰੀ ਸਹਿਜ ਮੁਨੀ
    - ਸ਼੍ਰੀ ਸੁਸ਼ੀਲ ਮੁਨੀ

## ਸ੍ਰੀ ਨਾਨਕ ਚੰਦ ਜੀ ਦੀ ਪ੍ਰੰਪਰਾ

- ਸ੍ਰੀ ਕ੍ਰਿਪਾ ਰਾਮ
- ਸ੍ਰੀ ਜੜਾਵ ਚੰਦ
- ਸ੍ਰੀ ਮੋਹਰ ਸਿੰਘ
- ਸ੍ਰੀ ਸੁਗਨ ਚੰਦ

## ਸ੍ਰੀ ਛੋਟੇ ਲਾਲ ਜੀ ਦੀ ਪ੍ਰੰਪਰਾ

- ਸ੍ਰੀ ਰੂਪ ਲਾਲ
- ਸ੍ਰੀ ਨਾਥੂ ਲਾਲ
  - ਸ੍ਰੀ ਮਦਨ ਲਾਲ
    - ਸ੍ਰੀ ਜਗੂ ਮਲ
    - ਸੁਦਰਸ਼ਨ ਮੁਨੀ
      - ਸ੍ਰੀ ਪ੍ਰਕਾਸ਼ ਮੁਨੀ
        - ਸ੍ਰੀ ਨਰੇਸ਼ ਮੁਨੀ
      - ਪਦਮ ਮੁਨੀ
      - ਸ਼ਾਂਤੀ ਮੁਨੀ
        - ਸੁੰਦਰ ਜੀ
      - ਰਾਮ ਕੁਮਾਰ
        - ਰਾਜੇਂਦਰ ਮੁਨੀ
      - ਵਿਨੈ ਕੁਮਾਰ
      - ਜੈ ਮੁਨੀ ਤੇ
        - ਰਾਕੇਸ਼ ਮੁਨੀ
    - ਬਦਰੀ ਪ੍ਰਸਾਦ
    - ਪ੍ਰਕਾਸ਼ ਚੰਦ
    - ਰਾਮ ਪ੍ਰਸਾਦ
    - ਰਾਮ ਚੰਦ
  - ਸ੍ਰੀ ਮੂਲ ਚੰਦ
  - ਸ੍ਰੀ ਫੂਲ ਚੰਦ
- ਸ੍ਰੀ ਰਾਧਾ ਕ੍ਰਿਸ਼ਨ
- ਸ੍ਰੀ ਰਤਨ ਚੰਦ
- ਸ੍ਰੀ ਬਲਵੰਤ ਰਾਏ

## ਸ੍ਰੀ ਵਿਰਧੀ ਚੰਦ ਜੀ ਦੀ ਪ੍ਰੰਪਰਾ

- ਸ੍ਰੀ ਕੰਵਰ ਸੇਨ
- ਸ੍ਰੀ ਮਾਮ ਚੰਦ
- ਸ੍ਰੀ ਪ੍ਰੇਮ ਚੰਦ (ਪੰਜਾਬ ਕੇਸਰੀ
  - ਸ੍ਰੀ ਬਨਵਾਰੀ ਲਾਲ
    - ਸ੍ਰੀ ਪਾਰਸ ਮੁਨੀ
  - ਤੁਲਸੀ ਰਾਮ
  - ਦਿਆ ਚੰਦ
  - ਓਮ ਮੁਨੀ
  - ਜਿਨ ਦਾਸ
- ਸ੍ਰੀ ਬਾਰੂ ਮਲ

## ਸ੍ਰੀ ਮਲਕ ਚੰਦ ਜੀ ਦੀ ਪ੍ਰੰਪਰਾ -

- ਸ੍ਰੀ ਕ੍ਰਿਪਾ ਰਾਮ
- ਜੜਾਬ ਚੰਦ
- ਮੋਹਰ ਸਿੰਘ
- ਸੁਗਨ ਚੰਦ

ਮੋਹਰ ਸਿੰਘ

ਸ੍ਰੀ ਰਾਮ ਸਿੰਘ — ਇੰਦਰ ਸੇਨ — ਮਗਨ ਸਿੰਘ — ਟੇਕ ਚੰਦ — ਪੂਰਣ ਚੰਦ

ਸ੍ਰੀ ਨੌਬਤ ਰਾਏ — ਮਨੋਹਰ ਲਾਲ — ਨੇਮਚੰਦ — ਤਿਰਲੋਕ ਚੰਦ — ਭਗਵਾਨ ਦਾਸ — ਮੰਗਤ ਮੁਨੀ

ਜਿਨੇਸ਼ ਮੁਨੀ — ਪਦਮ ਮੁਨੀ — ਨਵੀਨ ਮੁਨੀ

ਸੁਖੀ ਰਾਮ ਜੀ

ਸ੍ਰੀ ਅਮੀ ਲਾਲ — ਸ੍ਰੀ ਰਾਮਲਾਲ — ਸ੍ਰੀ ਨੇਕ ਚੰਦ ਜੀ

ਫੂਲਚੰਦ — ਰੂਪਚੰਦ — ਜਸਮੰਦਰ — ਸ੍ਰੀ ਰਾਮ ਕ੍ਰਿਸ਼ਨ — ਰਣ ਸਿੰਘ — ਸ਼ਿਵਚੰਦ — ਸ਼ਿਖਰ ਚੰਦ

ਸ੍ਰੀ ਸੁਭਦਰ ਮੁਨੀ

ਵਿਜੈ ਮੁਨੀ — ਸੁਮਤਿ ਮੁਨੀ

## ਪੰਡਤ ਸ੍ਰੀ ਧਰਮ ਚੰਦ ਜੀ ਮਹਾਰਾਜ ਦੀ ਪ੍ਰੰਪਰਾ

ਸ੍ਰੀ ਧਰਮ ਚੰਦ ਜੀ

ਸ੍ਰੀ ਸ਼ਿਵਦਿਆਲ — ਅਚਾਰਿਆ ਸੋਹਨ ਲਾਲ

ਸ੍ਰੀ ਧਨੀ ਰਾਮ ਜੀ — ਸ੍ਰੀ ਗੰਡੇਰਾਏ — ਬਿਹਾਰੀਲਾਲ — ਵਿਨੈਚੰਦ — ਕਰਮਚੰਦ — ਕਾਸ਼ੀਰਾਮ — ਭਾਗਚੰਦ

ਅਚਾਰਿਆ ਕ੍ਰਿਸ਼ਨ ਚੰਦਰ
ਦੇਵ ਗੁਰੂਕੁਲ ਪੰਚਕੂਲਾ
ਦੇ
ਸੰਸਥਾਪਕ ਸਨ

ਟੇਕ ਚੰਦ — ਲਾਭ ਚੰਦ — ਜਮੀਤ ਰਾਏ — ਚਿੰਤ ਰਾਮ — ਗੋਵਿੰਦ ਰਾਮ — ਰੂਪ ਚੰਦ

## ਸ੍ਰੀ ਗੈਂਡੇ ਰਾਏ ਜੀ ਦੀ ਪ੍ਰੰਪਰਾ

ਗਣੀ ਉਦੈ ਚੰਦ — ਨੱਥੂ ਰਾਮ — ਕਸਤੂਰ ਚੰਦ — ਨਿਹਾਲ ਚੰਦ

ਕਪੂਰ ਚੰਦ   ਜੌਹਰੀ ਲਾਲ

ਰਤਨ ਮੁਨੀ   ਰਘਬਰ ਦਿਆਲ   ਨਿਰੰਜਨ ਦਾਸ

ਛੱਜੂ ਰਾਮ

ਦੁਰਗਾ ਦਾਸ   ਭਦਰ ਮੁਨੀ   ਸਤੀਸ਼ ਚੰਦ

ਰਾਮ ਮੁਨੀ ਜੀ   ਧਰਮ ਸਿੰਘ ਜੀ

## ਸ੍ਰੀ ਨਿਹਾਲ ਚੰਦ ਜੀ ਦੀ ਪ੍ਰੰਪਰਾ

ਸਵਰਗਵਾਸੀ ਪ੍ਰਵਰਤਕ ਸ਼ਾਂਤੀ ਸਵਰੂਪ ਜੀ

ਸ੍ਰੀ ਸੁਮਤੀ ਮੁਨੀ ਜੀ

ਸ੍ਰੀ ਬਿਹਾਰੀ ਲਾਲ ਜੀ ਦੇ ਚੇਲੇ ਸ੍ਰੀ ਮਾਣਕ ਚੰਦ ਜੀ ਸਨ। ਸ੍ਰੀ ਵਿਨੈ ਚੰਦ ਦੇ ਚੇਲੇ ਸ੍ਰੀ ਨਰਪਤ ਰਾਏ ਸਨ। ਆਪ ਦੇ ਚੇਲੇ ਸ੍ਰੀ ਸਤੇਂਦਰ ਮੁਨੀ, ਸ੍ਰੀ ਲਖਪਤ ਰਾਏ ਅਤੇ ਪਦਮ ਚੰਦਰ ਹਨ। ਸ੍ਰੀ ਸਤੇਂਦਰ ਮੁਨੀ ਦੇ ਸ੍ਰੀ ਸ਼ਿਆਮ ਲਾਲ ਜੀ ਸਨ। ਸ੍ਰੀ ਕਰਮ ਚੰਦ ਦੇ ਚੇਲੇ ਸ੍ਰੀ ਦੀਪ ਚੰਦ ਹੋਏ। ਇਨ੍ਹਾਂ ਦੇ ਚੇਲੇ ਖੂਬ ਚੰਦ, ਫੂਲ ਚੰਦ ਹਨ। ਸ੍ਰੀ ਫੂਲ ਚੰਦ ਜੀ ਦੇ ਚੇਲੇ ਨੇ ਜਿੰਦਰ ਮੁਨੀ ਹਨ।

## ਪੂਜ ਕਾਸ਼ੀ ਰਾਮ ਜੀ ਦੀ ਪ੍ਰੰਪਰਾ

ਈਸ਼ਵਰ ਦਾਸ   ਹਰਸ਼ ਚੰਦ   ਕਲਿਆਣ ਜੀ   ਸੁਕਲ ਚੰਦ   ਜੌਹਰੀ ਲਾਲ   ਸੁਰਿੰਦਰ ਮੁਨੀ   ਹਰੀ ਚੰਦ

ਸ੍ਰੀ ਸੁਦਰਸ਼ਨ ਲਾਲ   ਰਾਜੇਂਦਰ ਕੁਮਾਰ   ਮਹੇਂਦਰ ਮੁਨੀ   ਸ੍ਰੀ ਚੰਦ   ਸੰਤੋਸ਼ ਮੁਨੀ   ਅਮਰੇਂਦਰ ਮੁਨੀ   ਵਿਵੇਕ ਮੁਨੀ

ਦਾਤਾ ਰਾਮ   ਸੁਮਨ ਮੁਨੀ (ਇਤਿਹਾਸਕਾਰ)

ਸ੍ਰੀ ਸੁਰਿੰਦਰ ਮੁਨੀ ਦੇ ਚੇਲੇ ਵਿਕਾਸ ਮੁਨੀ ਜੀ ਹੋਏ। ਸ੍ਰੀ ਹਰੀ ਚੰਦ ਜੀ ਦੇ ਚੇਲੇ ਵਿਵੇਕ ਮੁਨੀ ਅਤੇ ਦੇਵਿੰਦਰ ਮੁਨੀ ਹਨ। ਸ੍ਰੀ ਭਾਗ ਮਲ, ਸ੍ਰੀ ਸੋਹਨ ਲਾਲ ਦੀ ਆਗਿਆ

ਚਲਣ ਵਾਲੇ ਸੰਤ ਸਨ। ਆਪ ਦੇ ਤਿਰਲੋਕ ਮੁਨੀ, ਮੰਗਲ ਮੁਨੀ ਅਤੇ ਰਾਮ ਕਲਾ ਜੀ ਹੋਏ। ਤਿਰਲੋਕ ਮੁਨੀ ਜੀ ਦੇ ਸ੍ਰੀ ਗਿਆਨ ਮੁਨੀ ਅਤੇ ਰਾਮ ਕਲਾ ਜੀ ਦੇ ਪ੍ਰੇਮ ਸੁਖ ਹਨ।

## ਅਚਾਰਿਆ ਆਤਮਾ ਰਾਮ ਜੀ ਦੀ ਪ੍ਰੰਪਰਾ

- ਸ੍ਰੀ ਖਜਾਨ ਚੰਦ
- ਸ੍ਰੀ ਗਿਆਨ ਮੁਨੀ
- ਪੰ. ਹੇਮ ਚੰਦ
- ਸ੍ਰੀ ਮਨੋਹਰ ਮੁਨੀ
- ਸ੍ਰੀ ਪ੍ਰਕਾਸ਼ ਚੰਦ
- ਸ੍ਰੀ ਖਬ ਚੰਦ
- ਸ੍ਰੀ ਰਤਨ ਮੁਨੀ
- ਸ੍ਰੀ ਮਥੁਰਾ ਮੁਨੀ ਅਤੇ ਗਿਆਨ ਮੁਨੀ
  - ਸ੍ਰੀ ਸੁਰਜਨ ਦਾਸ
  - ਸ੍ਰੀ ਤੁਲਸੀ ਰਾਮ
  - ਸ੍ਰੀ ਲਾਭਚੰਦ
  - ਸ੍ਰੀ ਪ੍ਰੇਮ ਚੰਦ
  - ਸ੍ਰੀ ਫੂਲ ਚੰਦ ਸ਼੍ਰਮਣ
  - ਸ੍ਰੀ ਤ੍ਰਿਲੋਕ ਮੁਨੀ (ਆਤਮ ਨਿਧੀ)

ਪੰ. ਹੇਮ ਚੰਦ ਜੀ ਮ. ਦੇ ਚੇਲੇ ਵਰਤਮਾਨ ਉੱਤਰ ਭਾਰਤ ਪ੍ਰਵਰਤਕ ਸ੍ਰੀ ਭੰਡਾਰੀ ਪਦਮ ਚੰਦ ਜੀ ਹਨ, ਆਪ ਦੇ ਚੇਲੇ ਹਰਿਆਣਾ ਕੇਸਰੀ ਬਹੁਸ਼ਰੁਤ ਲੇਖਕ ਸ੍ਰੀ ਅਮਰ ਮੁਨੀ ਹਨ।

ਸ੍ਰੀ ਗਿਆਨ ਮੁਨੀ ਜੀ ਦੇ ਚੇਲੇ ਹਨ : ਸ੍ਰੀ ਕ੍ਰਾਂਤੀ ਮੁਨੀ, ਸ੍ਰੀ ਭਗਵਤ ਮੁਨੀ, ਡਾ. ਸ਼ਿਵ ਕੁਮਾਰ ਜੀ ਐਮ.ਏ., ਪੀ. ਐਚ. ਡੀ., ਸ੍ਰੀ ਸਰਪੰਚ ਮੁਨੀ।

ਪੂਜ ਅਮਰ ਸਿੰਘ ਜੀ ਦੇ, ਚੇਲੇ ਖੂਬ ਚੰਦ ਜੀ ਦੇ 12 ਚੇਲੇ ਤਪਾ ਗੱਛ ਵਿਚ ਮੂਰਤੀ ਸਾਧੂ ਬਣ ਗਏ ਸਨ। ਸ੍ਰੀ ਰਤਨ ਮੁਨੀ ਜੀ ਦੇ ਚੇਲੇ ਤਪਸਵੀ ਭਗਤ ਰਾਮ ਜੀ ਹਨ।

## ਅਚਾਰਿਆ ਸ੍ਰੀ ਅਮਰ ਸਿੰਘ ਜੀ ਦੀ ਇਕ ਹੋਰ ਪ੍ਰੰਪਰਾ

- ਸ੍ਰੀ ਬਾਲਕ ਰਾਮ ਜੀ
  - ਸ੍ਰੀ ਲਾਲ ਚੰਦ
    - ਸ੍ਰੀ ਗੋਕਲ ਚੰਦ
      - ਸ੍ਰੀ ਜਗਦੀਸ਼ ਮੁਨੀ
    - ਸ੍ਰੀ ਲਛਮੀ ਚੰਦ
      - ਤਪਸਵੀ ਪੂਰਣ ਚੰਦ
        - ਸ੍ਰੀ ਵਿਮਲ ਮੁਨੀ
          - ਸ੍ਰੀ ਰਾਮ ਮੁਨੀ ਜੀ
        - ਦਰਸ਼ਨ ਮੁਨੀ
        - ਜਿਤੇਂਦਰ ਮੁਨੀ
        - ਰਾਮ ਸਰੂਪ ਜੀ
          - ਸ੍ਰੀ ਅਮਰ ਮੁਨੀ ਜੀ
  - ਸ੍ਰੀ ਪ੍ਰੇਮ ਸੁਖ
    - ਸ੍ਰੀ ਸ਼ਾਦੀ ਲਾਲ
      - ਪਿਆਰਾ ਲਾਲ

|

ਭੰਡਾਰੀ ਗਿਆਨ ਮੁਨੀ ਜੀ

|

ਸ੍ਰੀ ਅਰਿਹੰਤ ਮੁਨੀ ਜੀ

ਸਾਡੀ ਸ਼ਵੇਤਾਂਬਰ ਜੈਨ ਸਥਾਨਕਵਾਸੀ ਪ੍ਰੰਪਰਾਵਾਂ ਦਾ ਅਧਾਰ ਸ੍ਰੀ ਸੁਮਨ ਮੁਨੀ ਰਾਹੀਂ ਲਿਖਤ ਪੂਜ ਅਮਰਸਿੰਘ ਜੀ ਮਹਾਰਾਜ ਅਤੇ ਪਰੰਪਰਾ ਨਾਂ ਦੀ ਪੁਸਤਕ ਹੈ ਉਸ ਤੋਂ ਬਾਅਦ ਮੁਨੀਆਂ ਦਾ ਜ਼ਿਕਰ ਇਸ ਵਿਚ ਨਹੀਂ ਆਇਆ।

**ਨੋਟ :— ਖਰਤਰ ਗੱਛ** ਪੰਜਾਬ ਵਿਚ ਜੈਨ ਧਰਮ ਦਾ ਇਕ ਪੁਰਾਤਨ ਗੱਛ ਹੈ। ਸੰ. 10 ਸਦੀ ਤੋਂ ਲੈਕੇ ਅਕਬਰ ਦੇ ਸਮੇਂ ਤਕ ਦਾ ਕਾਲ ਇਸ ਗੱਛ ਦੇ ਮੁਨੀ ਪ੍ਰਮੁਖ ਰਹੇ ਹਨ। ਪਰ ਅੱਜ ਕਲ ਖਰਤਰ ਗੱਛ ਦੇ ਮੁਨੀਆਂ ਦੀ ਗਿਣਤੀ ਘੱਟ ਹੈ। ਇਨ੍ਹਾਂ ਮੁਨੀਆਂ ਦੀ ਪੱਟਾਵਲੀ ਕਾਫੀ ਕੋਸ਼ਿਸ਼ ਦੇ ਬਾਵਜੂਦ ਨਹੀ ਮਿਲ ਸਕੀ। ਪ੍ਰਮੁਖ ਅਚਾਰਿਆਂ ਦੀ ਜਾਣਕਾਰੀ ਮੁਗਲ ਕਾਲ ਵਿਚ ਦਿਤੀ ਜਾ ਚੁਕੀ ਹੈ। ★

# ਪੂਜ ਸ਼੍ਰੀ ਅਮਰ ਸਿੰਘ ਜੀ (ਮਾਰਵਾੜੀ)

★

ਪੂਜ ਅਮਰ ਸਿੰਘ ਜੀ ਨਾਂ ਦੇ ਦੋ ਸਥਾਨਕਵਾਸੀ ਜੈਨ ਅਚਾਰਿਆ ਹੋਏ ਹਨ। ਇਕ ਦਾ ਸੰਬੰਧ ਪੂਜ ਜੀਵਰਾਜ ਜੀ ਦੀ ਪ੍ਰੰਪਰਾ ਦੇ ਅਚਾਰਿਆ ਸ੍ਰੀ ਲਾਲ ਚੰਦ ਨਾਲ ਹੈ। ਦੂਸਰੇ ਅਚਾਰਿਆ ਪੂਜ ਸ੍ਰੀ ਹਰੀ ਦਾਸ ਦੇ ਨਾਲ ਸੰਬੰਧਿਤ ਸਨ। ਪੂਜ ਅਮਰ ਸਿੰਘ ਜੀ ਮਾਰਵਾੜੀ ਜਾਣਕਾਰੀ ਪ੍ਰਸਿੱਧ ਜੈਨ ਲੇਖਕ ਦੇਵਿੰਦਰ ਮੁਨੀ ਸ਼ਾਸਤਰੀ ਨੇ ਅਪਣੇ ਇਤਿਹਾਸਕ ਹਿੰਦੀ ਨਾਵਲ ਧਰਤੀ ਦਾ ਦੇਵਤਾ ਵਿਚ ਵਿਸਥਾਰ ਅਤੇ ਘਟਨਾਵਾਂ ਨਾਲ ਦਿਤੀ ਹੈ। ਪਰ ਇਥੇ ਅਸੀਂ ਸਿਰਫ ਇਤਿਹਾਸਕ ਪੱਖੋਂ ਸੰਖੇਪ ਵਰਨਣ ਕਰਾਂਗੇ।

ਬਿਕਰਮ ਸੰ. 1719 ਸਾਵਨ ਸ਼ੁਕਲਾ 14 ਦਿਨ ਐਤਵਾਰ ਨੂੰ ਆਪ ਦਾ ਜਨਮ ਦਿੱਲੀ ਵਿਖੇ ਹੋਇਆ। ਆਪ ਦੇ ਪਿਤਾ ਲਾਲਾ ਦੇਵੀ ਸਿੰਘ ਅਤੇ ਮਾਤਾ ਕਮਲਾ ਦੇਵੀ ਜੀ ਧਾਰਮਿਕ ਸੰਸਕਾਰਾਂ ਨਾਲ ਰੰਗੇ ਹੋਏ ਸਨ। ਦੇਵੀ ਸਿੰਘ ਦੇ ਬੜੇ ਵਡੇਰੇ ਮੁਗਲ ਬਾਦਸ਼ਾਹ ਦੇ ਸ਼ਾਹੀ ਜੌਹਰੀ ਸਨ। ਦੇਵੀ ਸਿੰਘ ਖੁਦ ਵੀ ਮੁਗਲ ਦਰਬਾਰ ਵਿਚ ਇੱਜਤ ਰਖਦੇ ਸਨ।

ਸੰ. 1741 ਨੂੰ ਅਚਾਰਿਆ ਅਮਰ ਸਿੰਘ ਸਾਧੂ ਬਣੇ। ਆਪ ਦੇ ਗੁਰੂ ਪ੍ਰਸਿੱਧ ਜੈਨ ਅਚਾਰਿਆ ਸ੍ਰੀ ਲਾਲ ਚੰਦ ਸਨ। ਆਪ ਨੇ ਬਚਪਨ ਵਿਚ ਹੀ ਸੰਸਕ੍ਰਿਤ, ਪ੍ਰਾਕ੍ਰਿਤ, ਅਰਬੀ ਫਾਰਸੀ ਅਤੇ ਉਰਦੂ ਭਾਸ਼ਾਵਾਂ ਦਾ ਅਧਿਐਨ ਕਰ ਲਿਆ ਸੀ। ਸ੍ਰੀ ਅਮਰ ਸਿੰਘ ਦੀ ਸ਼ਾਦੀ ਵੀ ਹੋਈ ਸੀ। ਆਪ ਨੇ ਇਨ੍ਹਾਂ ਬਹੁਪੱਖੀ ਵਿਸ਼ਾਲ ਛਡ ਕੇ ਤਿਆਗ ਦਾ ਰਸਤਾ ਗ੍ਰਹਿਣ ਕੀਤਾ। ਉਸ ਸਮੇਂ ਯਤੀ ਪ੍ਰੰਪਰਾ ਪੰਜਾਬ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿਚ ਆਮ ਸੀ। ਆਪ ਨੇ ਸਾਰੀ ਉਮਰ ਇਨ੍ਹਾਂ ਪ੍ਰਦੇਸ਼ਾਂ ਵਿਚ ਘੁਮ ਕੇ ਵੇਸ਼ਿਆ ਪ੍ਰਥਾ, ਮਰਿਤੂ ਭੋਜ, ਜਾਤ-ਪਾਤ, ਬਲੀ ਪ੍ਰਥਾ ਆਦਿ ਦਾ ਖੁਲ ਕੇ ਵਿਰੋਧ ਕੀਤਾ। ਸੋਜਤ (ਰਾਜਸਥਾਨ) ਵਿਖੇ ਯਤੀਆਂ ਨਾਲ ਧਰਮ ਚਰਚਾ ਕੀਤੀ। ਜੈਨ ਅਤੇ ਅਜੈਨ ਸਭ ਆਪ ਦੇ ਭਗਤ ਸਨ। ਸੰ. 1761 ਵਿਚ ਆਪ ਅਚਾਰਿਆ ਬਣੇ।

ਸੰ. 1767 ਵਿਚ ਆਪ ਦਾ ਚੌਮਾਸਾ ਦਿੱਲੀ ਵਿਖੇ ਸੀ। ਉਸ ਸਮੇਂ ਮੁਗਲ ਸਮਰਾਟ ਬਹਾਦਰ ਸ਼ਾਹ ਸੀ। ਚੌਮਾਸੇ ਤੋਂ ਪਹਿਲਾਂ ਆਪ ਦੀ ਭੇਂਟ ਜੋਧਪੁਰ ਦੇ ਮੰਤਰੀ ਖੀਬ ਸਿੰਘ ਭੰਡਾਰੀ ਨਾਲ ਹੋਈ। ਆਪ ਜੈਨ ਧਰਮ ਦੇ ਉਪਾਸਕ ਸਨ। ਬਾਦਸ਼ਾਹ ਨੂੰ ਖੀਬ ਸਿੰਘ ਤੇ ਸ਼ਹਿਜਾਦਾ ਅਜੀਮ ਦੀ ਮਾਰਫਤ ਮਿਲੇ ਸਨ। ਆਪ

ਬਾਦਸ਼ਾਹ ਨਾਲ ਲਾਹੌਰ ਹੁੰਦੇ ਹੋਏ ਦਿਲੀ ਪੁਜੇ। ਇਸ ਤਰਾਂ ਆਪ ਦਾ ਧਰਮ ਪ੍ਰਚਾਰ ਖੇਤਰ ਵਰਤਮਾਨ ਪੰਜਾਬ ਸੀ । ਸੋਜਤ ਅਤੇ ਜੋਧਪੁਰ ਵਿਖੇ ਅਨੇਕਾਂ ਕਸ਼ਟਾਂ ਦਾ ਸਾਹਮਣਾ ਕੀਤਾ। ਆਪ ਪੰਚਵੇਰ ਸੰਮੇਲਨ ਵਿਚ ਹਾਜਰ ਸਨ। ਇਸ ਸੰਮੇਲਨ ਵਿਚ ਤਾਰਾ ਚੰਦ ਜੀ ਅਚਾਰਿਆ ਹਰੀ ਦਾਸ ਦੇ ਚੇਲੇ ਸ੍ਰੀ ਮਲੂਕ ਚੰਦ, ਜੋਗ ਰਾਜ, ਤਿਲੋਕ ਚੰਦ ਮਹਾਰਾਜ, ਮੀਣਾ ਜੀ ਮਹਾਰਾਜ, ਰਾਧਾ ਜੀ ਮਹਾਰਾਜ, ਸਤੀ ਫੂਲਾ ਜੀ, ਪਰਸ ਰਾਮ ਜੀ ਮਹਾਰਾਜ, ਖੇਤਸੀ ਜੀ ਮਹਾਰਾਜ ਅਤੇ ਕੇਸ਼ਰ ਜੀ ਮਹਾਰਾਜ ਸ਼ਾਮਲ ਹੋਏ ਸਨ।

ਸੰ. 1811 ਵਿਚ ਆਪ ਦਾ ਚੌਮਾਸਾ ਜੋਧ ਪੁਰ ਵਿਖੇ ਸੀ। ਆਪ ਨੇ ਇਸ ਚੌਮਾਸੇ ਵਿਚ ਅਪਣੀ ਮੌਤ ਦੀ ਭਵਿਖ ਬਾਣੀ ਕਰ ਦਿਤੀ ਸੀ । ਸੰ. 1812 ਸਾਵਣ ਸ਼ੁਕਲਾ ਪੂਰਨਮਾਸ਼ੀ ਨੂੰ ਆਪ ਦਾ ਸਵਰਗਵਾਸ ਹੋ ਗਿਆ। ਆਪ ਨੇ ਰੋਹਤਕ, ਜੰਮੂ ਅਤੇ ਪਟਿਆਲਾ ਵਿਖੇ ਚੌਮਾਸੇ ਕੀਤੇ। ਆਪ ਦਾ ਜੀਵਨ ਚਮਤਕਾਰ ਭਰਿਆ ਸੀ। ਅਨੇਕਾਂ ਰਾਜੇ, ਨਵਾਬ, ਮੰਤਰੀ ਅਤੇ ਸ਼ਹਿਜਾਦੇ ਆਪ ਦੇ ਭਗਤ ਬਣੇ। ਪਟਿਆਲੇ ਦੇ ਸਰਦਾਰ ਕੁਲਵੰਤ ਸਿੰਘ ਆਪ ਦੇ ਖਾਸ ਭਗਤ ਸਨ। ਜੋ ਹਰ ਰੋਜ ਆਪ ਦਾ ਉਪਦੇਸ਼ ਸੁਣਦੇ ।

# ਪੰਜਾਬ ਦੀ ਯਤੀ (ਪੂਜ) ਪ੍ਰੰਪਰਾ

✶

ਪਿਛਲੇ ਅਧਿਐਨਾਂ ਵਿਚ ਅਸੀ ਕੁੱਝ ਪ੍ਰਸਿਧ ਯਤੀਆਂ ਅਤੇ ਉਹਨਾਂ ਦੇ ਪ੍ਰਚਾਰ ਕੇਂਦਰਾਂ ਦਾ ਸੰਖੇਪ ਜਿਕਰ ਕੀਤਾ ਹੈ। ਇਸ ਅਧਿਐਨ ਵਿਚ ਅਸੀਂ ਯਤੀਆਂ ਦੀਆਂ ਕੁੱਝ ਪਟਾਵਲੀਆਂ ਦਾ ਸੰਖੇਪ ਵਰਨਣ ਕਰਾਂਗੇ। ਮਧਕਾਲ ਵਿਚ ਜੈਨ ਧਰਮ, ਕਲਾ ਸਾਹਿਤ ਨੂੰ ਹਰ ਪਖੋਂ ਸੁਰਖਿਤ ਰਖਨ ਦਾ ਸੇਹਰਾ ਇਨ੍ਹਾਂ, ਯਤੀਆਂ ਦੇ ਸਿਰ ਹੈ। ਅਸੀਂ ਦਸਿਆ ਸੀ ਕਿ ਯਤੀ ਸਾਧੂ ਤੋਂ ਨਿਯਮ ਪਖੋਂ ਕਾਫੀ ਵਖਰੇ ਹੁੰਦੇ ਹਨ। ਇਹ ਭਾਵੇਂ ਜੈਨ ਸਾਧੂ ਦੇ ਭੇਖ ਵਿਚ ਬ੍ਰਹਮਚਾਰੀ ਰੂਪ ਰਹਿਦੇ ਹਨ, ਪਰ ਧਨ ਸੰਗ੍ਰਹਿ, ਮੱਠ, ਜੰਤਰ, ਮੰਤਰ ਦਵਾਈ ਦਾ ਪ੍ਰਯੋਗ ਕਰਦੇ ਹਨ। ਜੋ ਜੈਨ ਸਾਧੂ ਨੂੰ ਬਿਲਕੁਲ ਮਨਾ ਹੈ। ਅਸਲ ਵਿਚ ਯਤੀ ਜੈਨ ਸਾਧੂ ਅਤੇ ਗ੍ਰਹਿਸਥ ਵਿਚਕਾਰ ਤਿਆਗੀਆਂ ਦਾ ਮਾਰਗ ਹੈ। ਇਹਨਾਂ ਯਤੀਆ ਵਿਚ ਕੁੱਝ ਇਸਤਰੀਆਂ ਯਤੀ ਵੀ ਸਨ। ਇਹ ਲੋਕ ਅਪਣੇ-ਅਪਣੇ ਖੇਤਰ ਵਿਚ (ਬੜੇ ਪੂਜ) ਦੇ ਹੁਕਮ ਹੇਠ ਪ੍ਰਚਾਰ ਕਰਦੇ ਸਨ। ਇਕ ਯਤੀ ਨੂੰ ਦੂਸਰੇ ਦੇ ਖੇਤਰ ਵਿਚ ਘੁੱਮਨ ਦੀ ਆਗਿਆਂ ਨਹੀਂ ਸੀ। ਪੰਜਾਬ ਦੇ ਹਰ ਰਾਜੇ ਅਤੇ ਨਵਾਬ ਦੇ ਦਰਬਾਰ ਵਿੱਚ ਇਨ੍ਹਾਂ ਪੂਜਾਂ ਦੇ ਚਮਤਕਾਰਾਂ ਦੀ ਘਟਨਾਵਾਂ ਮਸ਼ਹੂਰ ਹਨ। ਇਹ ਲੋਕ ਬਹੁਤ ਭਾਸ਼ਾਵਾਂ ਦੇ ਵਿਦਵਾਨ, ਲੇਖਕ, ਲਿਪੀਕਾਰ ਅਤੇ ਗ੍ਰੰਥ ਸੰਗ੍ਰਹਿਕਾਰ ਸਨ।

ਪੰਜਾਬ ਸਿੰਧ ਵਿਚ ਬੜਗੱਛ, ਖਰਤਰ ਗੱਛ, ਤਪਾਗੱਛ, ਅਤੇ ਲੋਂਕਾ ਗੱਛ ਦੀਆਂ ਗਦੀਆਂ ਸਨ। ਸਾਡੀ ਜਾਨਕਾਰੀ ਦਾ ਅਧਾਰ ਸ੍ਰੀ ਹੀਰਾ ਲਾਲ ਜੀ ਦੁਗੜ ਦੀ ਪੁਸਤਕ ਮਧ ਏਸ਼ੀਆ ਔਰ ਪੰਜਾਬ ਮੇਂ ਜੈਨ ਧਰਮ ਹੈ।

## ਉਤਰਾਧ ਲੋਂਕਾਗੱਛ

ਇਨ੍ਹਾਂ ਦੀ ਪ੍ਰੰਪਰਾ ਸੰ: 1560 ਤੋਂ ਸ਼ੁਰੂ ਹੁੰਦੀ ਹੈ। ਜਦ ਯਤੀ ਸਰਵਰ ਦੇ ਚੇਲੇ ਰਾਏਮਲ ਅਤੇ ਭਲੋਜੀ ਲਾਹੌਰ ਆਏ ਸਨ। ਸੰ: 1871 ਮਾਘ ਸੁਦੀ 5 ਨੂੰ ਯਤੀ ਵਿਮਲ ਚੰਦ ਨੂੰ ਅਚਾਰਿਆ ਪੱਦਵੀ ਦੀ ਚਾਦਰ ਪੱਟੀ (ਹਿਆਤਪੁਰ) ਵਿਖੇ ਧੂਮਧਾਮ ਨਾਲ ਦਿਤੀ ਗਈ। ਯਤੀ ਜੀ ਦੇ 15 ਚੇਲੇ ਅਤੇ 3 ਚੇਲੀਆਂ ਦੇ ਨਾਂ ਤੇ ਪ੍ਰਚਾਰ ਖੇਤਰ ਇਸ ਪ੍ਰਕਾਰ ਹਨ।

| ਲੜੀ ਨੰ: | ਪੂਜ ਦਾ ਨਾਂ | ਖੇਤਰਾਂ ਦਾ ਨਾਂ |
|---|---|---|
| 1. | ਅਚਾਰਿਆ ਵਿਮਲਚੰਦ ਜੀ | ਹੋਸ਼ਿਆਰਪੁਰ, ਅੰਬਾਲਾ, ਪਟੀ, ਵੈਰੋਵਾਲ |
| 2. | ਲਾਲ ਰਿਸ਼ੀ ਜੀ | ਜਗਰਾਵਾਂ, ਰਾਏਕੋਟ |
| 3. | ਆਨੰਦ ਰੂਪ ਰਿਸ਼ੀ ਜੀ | ਮਾਲੇਰ ਕੋਟਲਾ, ਗੁਜਰਾਂਵਾਲਾ |
| 4. | ਪੂਜ ਦੀਪਚੰਦ ਰਿਸ਼ੀ ਜੀ | ਅਮਰਿਤਸਰ, ਸਨਖਤਰਾ |
| 5. | ਪੂਜ ਰੂਪਾ ਰਿਸ਼ੀ ਜੀ | ਪੱਟੀ, ਜਾਲੰਧਰ, ਲੁਧਿਆਨਾ |
| 6. | ਪੂਜ ਦਾਸ ਰਿਸ਼ੀ | ਅੰਬਾਲਾ ਅਬਦੁਲਾ ਕੀ ਗੱਛਾ, ਥਾਨੇਸਰ |
| 7. | ਮਾਨਕ ਰਿਸ਼ੀ ਜੀ | ਫਗਵਾੜਾ, ਜੈਜੋਂ, ਟਾਂਡਾ, ਕਰਨਾਲ, ਢੂਦੀਆ |
| 8. | ਮੰਗਲਰਿਸ਼ੀ ਜੀ | ਜੰਡੀਆਲਾ ਗੁਰੂ |
| 9. | ਸਹਜ ਰਿਸ਼ੀ ਜੀ | ਅੰਬਾਲਾ, ਸੰਢੋਰਾ |
| 10. | ਧਰਮਾ ਰਿਸ਼ੀ ਜੀ | ਲਾਹੌਰ |
| 11. | ਦੁਨੀਚੰਦ ਰਿਸ਼ੀ ਜੀ | ਗੁਜਰਾਂਵਾਲਾ |
| 12. | ਜੌਹਰੀ ਰਿਸ਼ੀ ਜੀ | ਪਟਿਆਲਾ, ਸੁਨਾਮ |
| 13. | ਦੇਵੀਆ ਰਿਸ਼ੀ ਜੀ | ਸਮਾਨਾ |
| 14. | ਤ੍ਰਿਪੁਰ ਰਿਸ਼ੀ ਜੀ | ਰਾਹੋਂ |
| 15. | ਭਵਾਨੀਆਂ ਰਿਸ਼ੀ ਜੀ | ਸਾਢੌਰਾ |
| 16. | ਸਾਧਵੀ ਧਨੋ ਜੀ | ਹੋਸ਼ਿਆਰਪੁਰ |
| 17. | ਸਾਧਵੀ ਲਛਮੀ ਜੀ | ਵੈਰੋਵਾਲਾ |
| 18. | ਸਾਧਵੀ ਸੋਖਮਨੀ ਜੀ | ਅੰਬਾਲਾ |

ਅਚਾਰਿਆ ਵਿਮਲਚੰਦ ਜੀ ਦੇ ਚੇਲੇ ਅਚਾਰਿਆ ਸ੍ਰੀ ਰਾਮ ਚੰਦ ਜੀ ਹੋਏ। ਆਪ ਸੰ: 1880 ਮਾਘ ਸੁਦੀ 5 ਨੂੰ ਅਚਾਰਿਆ ਬਣੇ। ਆਪਦੇ ਇਸ ਮਹੋਤਸਵ ਉਪਰ ਬਾਹਰਲੇ ਸ਼ਹਿਰਾਂ ਤੋਂ 16 ਸਾਧੂ ਅਤੇ 4 ਸਾਧਵੀਆਂ ਵੀ ਸਾਮਲ ਹੋਈਆਂ। ਬਾਹਰਲੇ ਗੱਛਾਂ ਵਿਚ ਖਰਤਰ ਗੱਛ, ਗੁਜਰਾਤੀ ਲੋਕਾਗੱਛ ਅਤੇ ਨਾਗੋਰੀ ਗੱਛ ਪ੍ਰਸਿਧ ਹਨ।

# ਅਚਾਰਿਆ ਰਾਮ ਚੰਦ ਦੇ ਖੇਤਰ

★

| ਲੜੀ ਨੰ: | ਪੂਜ ਦਾ ਨਾਂ | ਖੇਤਰਾਂ ਦਾ ਨਾਂ |
|---|---|---|
| 1. | ਅਚਾਰਿਆ ਰਾਮ ਚੰਦ ਜੀ | ਅਮਰਿਤਸਰ, ਪੱਟੀ, ਸਾਢੌਰਾ, ਅੰਬਰਟਾ ਲਾਹੌਰ ਅੰਬਾਲਾ |
| 2. | ਪੂਜ ਰੂਪਾ ਰਿਸ਼ੀ ਜੀ | ਪੱਟੀ, ਖਰੜ, ਨਾਲਾਗੜ |
| 3. | ਪੂਜ ਲਾਲੂ ਰਿਸ਼ੀ ਜੀ | ਜਗਰਾਵਾਂ ਰਾਏਕੋਟ, ਬਲਾਚੌਰ |
| 4. | ਪੂਜ ਦੀਪ ਚੰਦ ਜੀ | ਅਮਰਿਤਸਰ, ਜੰਡਿਆਲਾ ਗੁਰੂ, ਕਸੂਰ |
| 5. | ਪੂਜ ਮਾਣਕ ਰਿਸ਼ੀ ਜੀ | ਫਗਵਾੜਾ, ਟਾਂਡਾ, ਨਕੋਦਰ |
| 6. | ਪੂਜ ਰਾਜਾ ਰਾਮ ਰਿਸੀ ਜੀ | ਰਾਮਪੁਰ (ਪਾਕਿਸਤਾਨ) |
| 7. | ਪੂਜ ਦੁਨੀ ਚੰਦ ਰਿਸ਼ੀ ਜੀ | ਗੁਜਰਾਂਵਾਲਾ |
| 8. | ਪੂਜ ਸਹਿਜ ਰਿਸ਼ੀ ਜੀ | ਅੰਬਾਲਾ, ਮਨਹੂਰਪੁਰ |
| 9. | ਪੂਜ ਪ੍ਰੇਮਾਰਿਸ਼ੀ ਜੀ | ਅੰਬਰਹਥ |
| 10. | ਪੂਜ ਜੀਵਾ ਰਿਸ਼ੀ ਜੀ | ਥਾਨੇਸਰ, ਕਰਨਾਲ |
| 11. | ਪੂਜ ਮਾਹੂਬ ਰਿਸ਼ੀ ਜੀ | ਅਬਦੁਲਾ ਦੀ ਗਡੀ, ਸਹਾਰਨਪੁਰ |
| 12. | ਪੂਜ ਜੀਤਾ ਰਿਸ਼ੀ ਜੀ | ਮਾਲੇਰਕੋਟਲਾ, ਲੁਧਿਆਣਾ |
| 13. | ਪੂਜ ਜੌਹਰੀ ਰਿਸ਼ੀ ਜੀ | ਪਟਿਆਲਾ |
| 14. | ਪੂਜ ਨੌਬਤ ਰਿਸ਼ੀ ਜੀ | ਜੇਜੋਂ |
| 15. | ਪੂਜ ਬਨੂੜ ਰਿਸ਼ੀ ਜੀ | ਬਨੂੜ |
| 16. | ਪੂਜ ਦੀਵਾਨ ਰਿਸ਼ੀ ਜੀ | ਸਰਸਾਵਾ, ਸਰਸਾ |
| 17. | ਪੂਜ ਧਰਮਾ ਰਿਸ਼ੀ | ਅਮਰਿਤਸਰ |
| 18. | ਪੂਜ ਨਾਨਕ ਰਿਸ਼ੀ ਜੀ | ਸੁਨਾਮ |
| 19. | ਪੂਜ ਬਖਤਾ ਰਿਸ਼ੀ ਜੀ | ਰਾਹੋਂ |
| 20. | ਸਾਧਵੀ ਲਖਮੀ ਜੀ | ਹੋਸ਼ਿਆਰਪੁਰ |
| 21. | ਸਾਧਵੀ ਸੁਖਮਨੀ ਜੀ | ਥਾਨੇਸਰ, ਸਮਾਨਾ |

ਪੂਜ ਸ਼੍ਰੀ ਰਾਮ ਚੰਦ ਦੇ ਨਾਲ ਸ਼੍ਰੀ ਸੋਹਨ ਰਿਸ਼ੀ ਅਤੇ ਬਿਹਾਰੀ ਰਿਸ਼ੀ ਸ਼ਾਮਿਲ ਸਨ. ਇਨ੍ਹਾਂ ਪੂਜਾਂ ਸਮੇਂ ਪੰਜਾਬ ਦਿਲੀ ਅਤੇ ਸਿੰਧ ਵਿਚ 26 ਦੇ ਕਰੀਬ ਨਵੇਂ ਜੈਨ ਮੰਦਿਰ ਬਣੇ ।

★

# ਯਤੀ ਵਿਮਲ ਚੰਦ ਅਤੇ ਯਤੀ ਰਾਮ ਚੰਦ ਦੀ ਪਟਾਵਲੀ

(1, ਭੂਨਾ ਰਿਸ਼ੀ (ਸੰ: 1531), (2) ਭੀਦਾ, (3) ਕੂਨਾ, (4) ਭੀਮਾ, (5) ਜਗਮਾਲ, (6) ਸਰਵਰ, (7) ਰਾਏਮਲ, (8) ਸਦਾਰੰਗ, (9) ਸਿੰਘਰਾਜ, (10) ਜੇਠਮਲ, (11) ਮਨੋਹਰ ਰਿਸ਼ੀ, (12) ਸੁੰਦਰਦਾਸ ਰਿਸ਼ੀ, (13) ਸਦਾਨੰਦ ਰਿਸ਼ੀ, (14) ਜਸਵੰਤ ਰਿਸ਼ੀ, 15) ਵਰਧਮਾਨ ਰਿਸ਼ੀ, (16) ਮਹਾਸਿੰਘ, (17) ਸ੍ਰੀ ਜੈ ਗੋਪਾਲ. (18) ਵਿਮਲ ਚੰਦ ਰਿਸ਼ੀ, (19) ਰਾਮਚੰਦ ਰਿਸ਼ੀ।

## ਸਮਾਨਾ

ਬ੍ਰਹਦ ਤਪਾਗੱਛੀ ਸ੍ਰੀ ਰੂਪਦੇਵ 19ਵੀਂ ਸਦੀ ਤਕ ਸਮਾਨੇ ਦੀ ਗੱਦੀ ਉਪਰ ਵਿਰਾਜਮਾਨ ਸਨ ਇਹ ਸਮਾਂ ਮਹਾਰਾਜਾ ਕਰਮ ਸਿੰਘ ਪਟਿਆਲੇ ਦਾ ਹੈ। ਇਨਾਂ ਯਤੀਆਂ ਨੇ ਪੁਰਾਤਨ ਹਥ ਲਿਖਤਾਂ ਦੀਆਂ ਨਕਲਾਂ ਨਾਲ ਭੰਡਾਰ ਭਰ ਦਿਤੇ।

ਤੱਪਾਗੱਛ ਦੇ ਸ੍ਰੀ ਵਿਜੈ ਪ੍ਰਭਵ ਸੂਰੀ ਨੇ ਸੰ: 1723 ਨੂੰ ਦੇਸ਼ ਘਣਕ ਤੋਂ ਯਤੀ ਤੇਜ ਸਾਗਰ ਨੂੰ ਸਮਾਨਾ ਅਤੇ ਲਾਹੌਰ ਦੀਆਂ ਗਦੀਆਂ ਏ ਭੇਜਿਆ ਸੀ।

ਇਥੇ ਬੜਗੱਛ ਦੇ ਅਚਾਰਿਆ ਭਾਵਦੇਵ ਸੂਰੀ ਨੇ ਵਿਕਰਮੀ ਦੇ 16-17 ਸ਼ਤਾਵਦੀ ਵਿਚ 14ਵੇਂ ਤੀਰਥੰਕਰ ਭਗਵਾਨ ਅਨੰਤ ਨਾਥ ਦਾ ਮੰਦਰ ਬਨਾਇਆ ਪ੍ਰਸਿਧ ਅਚਾਰਿਆ ਸ਼ੀਲਦੇਵ ਸੂਰੀ (ਅਕਬਰ ਪ੍ਰਤਿ ਬੋਧਕ) ਨੇ ਇਥੇ ਕਈ ਧਰਮ ਪ੍ਰਚਾਰ ਦੇ ਕੰਮ ਕੀਤੇ। ਇਥੇ ਹੀ ਹਿੰਦੀ, ਪੰਜਾਬੀ, ਅਤੇ ਰਾਜਸਥਾਨੀ ਦੇ ਕਵਿ ਮਾਲਦੇਵ ਨੇ ਅਨੇਕਾਂ ਭਗਤੀ ਪੱਦ ਰਚੇ।

## ਫਰੀਦਕੋਟ

ਇਹ ਖਰਤਰ ਗੱਛ ਦੀ ਗੱਦੀ ਸੀ। ਵਿਕਰਮ ਦੀ 19ਵੀਂ ਸਦੀ ਤਕ ਇਥੇ ਦੇਵਚੰਦ ਗੁਲਾਬ ਚੰਦ, ਖੁਸ਼ਾਲਚੰਦ ਯਤੀ ਵਿਰਾਜਮਾਨ ਸਨ। ਉਨ੍ਹਾਂ ਇਥੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਅਤੇ ਨਕਲਾਂ ਕੀਤੀਆਂ। ਇਸ ਗੱਦੀ ਦਾ ਸੰਬਧ ਭਟਨੇਰ (ਹਨੂਮਾਨ ਗੜ) ਦੀ ਗੱਦੀ ਨਾਲ ਹੈ।